# ਚੂਹਾ ਦੌੜ ਵਿਚ ਪਾਏ ਵਿਦਿਆਰਥੀ

ਵਿਚਾਰ-ਚਰਚਾ



ਗੁਰਸ਼ਰਨ ਸਿੰਘ

ਚਿੰਤਕ ਵਿਚਾਰ ਲੜੀ 8 ਵਿਚ ਇਕ ਬੜਾ ਹੀ ਪ੍ਰਭਾਵਸ਼ਾਲੀ ਲੇਖ "ਕਿੱਧਰ ਲੈ ਜਾਣਾ ਚਾਹੁੰਦੇ ਹਾਂ ਅਸੀਂ ਆਪਣੇ ਬੱਚਿਆਂ ਨੂੰ ?" ਆਇਆ ਹੈ, ਜੋ ਸਾਡਾ ਧਿਆਨ ਖਿੱਚਦਾ ਹੈ। ਚਿੰਤਕ ਵਿਚਾਰ ਲੜੀ ਪਿਛਲੇ ਸਾਲ ਕੁੱਝ ਲੇਖਕਾਂ ਨੇ ਮਿਲਕੇ ਸ਼ੁਰੂ ਕੀਤੀ ਸੀ ਤਾਂ ਜੋ ਸਮਾਜਿਕ ਬਰਾਬਰੀ ਦੀ ਚੇਤਨਾ ਦੀ ਗੱਲ ਖੁੱਲ੍ਹਕੇ ਹੋ ਸਕੇ। ਉਤਲੇ ਵਿਸ਼ੇ ਤੇ ਲੇਖ ਡਾ . ਸ਼ਿਆਮ ਸੁੰਦਰ ਦੀਪਤੀ ਦੀ ਕਲਮ ਤੋਂ ਹੈ। ਡਾ. ਦੀਪਤੀ ਮਨੋਵਿਗਿਆਨ ਦੀ ਡਾਕਟਰੀ ਦੇ ਪ੍ਰੋਫ਼ੈਸਰ ਹਨ, ਇਸ ਲਈ ਉਨ੍ਹਾਂ ਦਾ ਇਹ ਲੇਖ ਇਸ ਵਿਸ਼ੇ ਬਾਰੇ ਮਨੋਵਿਗਿਆਨਿਕ ਅਧਿਐਨ ਹੈ। ਚਿੰਤਕ ਇਸ ਗੱਲ 'ਤੇ ਫ਼ਖ਼ਰ ਕਰ ਸਕਦਾ ਹੈ ਕਿ ਉਹਦੇ ਵਿਚਲੀ ਸਮੱਗਰੀ ਸਮਕਾਲੀ ਵਿਸ਼ਿਆਂ ਨੂੰ ਡੂੰਘੀ ਤਰ੍ਹਾਂ ਵਿਚਾਰਦੀ ਹੈ। ਚਿੰਤਕ ਵਿਚਾਰ ਲੜੀ 7, ਮਈ ਦਿਨ ਦਾ ਸੰਦੇਸ਼ ਦੇਂਦੀ ਸੀ। ਇਸ ਵਿਚ ਡਾ. ਅਨੂਪ ਸਿੰਘ ਅਤੇ ਕਾ. ਰਘਬੀਰ ਸਿੰਘ ਨੇ ਮਈ ਦਿਨ ਬਾਰੇ ਗੱਲ ਕਰਦਿਆਂ ਅੱਜ ਦੇ ਸੰਦਰਭ ਵਿਚ ਇਹਦੀ ਮਹੱਤਤਾ ਦੱਸੀ ਸੀ ਅਤੇ ਸ਼ਕਤੀਸ਼ਾਲੀ ਤਰੀਕੇ ਨਾਲ ਇਹ ਸੰਦੇਸ਼ ਦਿੱਤਾ ਸੀ ਕਿ ਸੰਘਰਸ਼ ਅਤੇ ਇਰਾਦਾ ਹੀ ਚੰਗੇ ਬਰਾਬਰੀ ਵਾਲੇ ਸਮਾਜ ਦੇ ਜ਼ਾਮਨੀ ਹਨ। ਹੁਣ ਡਾ. ਦੀਪਤੀ ਦਾ ਲੇਖ ਆਇਆ ਹੈ।

ਡਾ. ਦੀਪਤੀ ਇਕ ਸਵਾਲ ਦੇ ਰੂ-ਬ-ਰੂ ਹੋਇਆ ਹੈ। ਉਹ ਸਵਾਲ ਉਹਦੇ ਸ਼ਬਦਾਂ ਵਿਚ ਇਹ ਹੈ, "ਸਕੂਲ, ਕਾਲਜ, ਘਰ ਵਿਚ : ਹਰ ਥਾਂ ਇਹ ਗੱਲ ਚਰਚਾ ਦਾ ਵਿਸ਼ਾ ਹੁੰਦੀ ਹੈ ਕਿ ਬੱਚਿਆਂ ਵਿਚ ਅਨੁਸ਼ਾਸਨ ਨਹੀਂ ਰਿਹਾ। ਲਾਪਰਵਾਹ ਹੋ ਗਏ ਹਨ। ਵੱਡਿਆਂ ਪ੍ਰਤੀ ਇੱਜ਼ਤ ਦਾ ਭਾਵ ਹੀ ਗਾਇਬ ਹੁੰਦਾ ਜਾ ਰਿਹਾ ਹੈ। ਪਰ ਕੀ ਅਸੀਂ ਕਦੀ ਨਿੱਠ ਕੇ ਇਹ ਸੋਚਣ ਦੀ ਜ਼ਰੂਰਤ ਮਹਿਸੂਸ ਕੀਤੀ ਹੈ ਕਿ ਆਖ਼ਰ ਕਾਰਨ ਕੀ ਹੈ ?ਅਸੀਂ ਇਸ ਦਾ ਇਲਜ਼ਾਮ ਕਦੇ ਟੀ. ਵੀ. ਨੂੰ ਦਿੰਦੇ ਹਾਂ, ਕਦੇ ਸਕੂਲ ਵਿਚ ਡੰਡੇ ਦੇ ਗਾਇਬ ਹੋਣ ਨੂੰ, ਕਦੇ ਬੱਚੇ ਦੀ ਮਾੜੀ ਸੰਗਤ ਨੂੰ, ਕਦੇ ਫ਼ੈਸ਼ਨ ਆਦਿ ਨੂੰ। ਇਸ ਤਰ੍ਹਾਂ ਅਸੀਂ ਸਤਹੀ ਤੌਰ 'ਤੇ ਇਹ ਇਲਜ਼ਾਮ ਕਿਸੇ ਹੋਰ ਏਜੰਸੀ ਉੱਪਰ ਪਾ ਕੇ ਇਹ ਕਹਿ ਕੇ ਸੁਰਖ਼ਰੂ ਹੋ ਜਾਂਦੇ ਹਾਂ 'ਅਸੀਂ ਕੀ ਕਰ ਸਕਦੇ ਹਾਂ ?ਮਾਹੌਲ ਹੀ ਸਾਰਾ ਵਿਗੜਿਆ ਹੋਇਆ ਹੈ।' ਸਵਾਲ ਹੈ ਮਾਹੌਲ ਨੂੰ ਸਹੀ ਢੰਗ ਨਾਲ, ਗੰਭੀਰਤਾ ਨਾਲ ਵਿਸ਼ਲੇਸ਼ਿਤ ਕਰਨ ਦਾ।" ਡਾ. ਦੀਪਤੀ ਨੇ ਇਹੀ ਕਰਨ ਦੀ ਕੋਸ਼ਿਸ਼ ਕੀਤੀ ਹੈ। ਅੰਮ੍ਰਿਤਸਰ ਦੇ ਡੀ. ਏ. ਵੀ. ਪਬਲਿਕ ਸਕੂਲ ਵਿਚ ਹੋਏ ਇਕ ਵਿਚਾਰ-ਵਟਾਂਦਰੇ ਨੂੰ ਆਧਾਰ ਬਣਾ ਕੇ ਕੁੱਝ ਨਤੀਜੇ ਕੱਢੇ ਹਨ।

ਵੱਡਾ ਕਾਰਨ ਹੈ ਪਲੱਸ ਵਨ, ਪਲੱਸ ਟੂ ਦੇ ਬੱਚਿਆਂ ਦੇ ਦਰਮਿਆਨ ਆਪਣਾ ਭਵਿੱਖ ਬਣਾਉਣ ਲਈ ਚੂਹਾ ਦੌੜ। ਪ੍ਰਿੰਸੀਪਲ ਦੇ ਕਹਿਣ ਅਨੁਸਾਰ ਬੱਚਿਆਂ ਵਿਚ ਅਨੁਸ਼ਾਸਨਹੀਣਤਾ ਦਸਵੀਂ ਤੋਂ ਬਾਅਦ ਸ਼ੁਰੂ ਹੁੰਦੀ ਹੈ। ਉਸ ਵੇਲੇ ਸਕੂਲ ਦੀ ਪੜ੍ਹਾਈ ਨਾਲੋਂ ਟਿਊਸ਼ਨ ਦੀ ਮਹੱਤਤਾ ਵਧ ਜਾਂਦੀ ਹੈ। ਮਾਪੇ ਦਿਨ-ਰਾਤ ਬੱਚਿਆਂ ਦੇ ਕੰਨਾਂ ਵਿਚ ਇਹ ਗੱਲ ਪਾਉਂਦੇ ਹਨ 'ਬੱਚਿਓ, ਇਹ ਯੁੱਗ ਮੁਕਾਬਲੇ ਦਾ ਹੈ' ਪਲੱਸ ਵਨ ਅਤੇ ਪਲੱਸ ਟੂ ਹੀ ਜ਼ਿੰਦਗੀ ਬਣਾਉਣ ਲਈ ਦੋ ਸਾਲ ਹਨ। ਮਿਹਨਤ ਕਰੋ, ਕੁੱਝ ਬਣ ਜਾਵੋ, ਨਹੀਂ ਤਾਂ ਧੱਕੇ ਹੀ ਧੱਕੇ ਹਨ। ਬੱਚਾ ਚਾਰ-ਚਾਰ ਟਿਊਸ਼ਨਾਂ ਪੜ੍ਹ ਰਿਹਾ ਹੈ। ਚਾਰ ਟਿਊਸ਼ਨਾਂ ਪੜ੍ਹਨ ਵਾਲਾ ਬੱਚਾ ਸਵੇਰ ਤੋਂ ਸ਼ਾਮ ਤੱਕ ਛੇ ਘੰਟੇ ਇਸ ਕੰਮ ਲਈ ਲਗਾਉਂਦਾ ਹੈ। ਪੰਜ-ਛੇ ਘੰਟੇ ਸਕੂਲ ਕਾਲਜ ਜਾਂਦਾ ਹੈ। ਫਿਰ ਟਿਊਸ਼ਨ ਅਤੇ ਸਕੂਲ ਦੀ ਪੜ੍ਹਾਈ ਅਤੇ ਟੈਸਟਾਂ ਦੀ ਤਿਆਰੀ। ਉਸ ਨੂੰ ਪਤਾ ਨਹੀਂ ਕਿੱਥੋਂ ਸੂਰਜ ਚੜ੍ਹਦਾ ਹੈ ਤੇ ਕਦੋਂ ਰਾਤ ਸ਼ੁਰੂ ਹੋ ਜਾਂਦੀ ਹੈ, ਇਸ ਸਾਰੇ ਕੁੱਝ ਦਾ ਨਤੀਜਾ ਬੱਚੇ ਦੀ ਇਕ ਗ਼ੈਰ ਸਮਾਜਿਕ ਸਵਾਰਥੀ ਮਾਨਸਿਕਤਾ ਵਿਚ ਨਿਕਲਦਾ ਹੈ। ਚਾਰ-ਚਾਰ ਟਿਊਸ਼ਨਾਂ ਤੇ ਸਕੂਲ ਦੀ ਭੱਜ-ਨੱਠ ਲਈ ਉਸ ਨੂੰ ਮੋਟਰ ਸਾਈਕਲ, ਸਕੂਟਰ ਦੀ ਲੋੜ ਹੈ। ਸਕੂਟਰ ਚਲਾਉਣ ਲਈ ਲਾਇਸੈਂਸ ਦੀ। ਪੰਦਰਾਂ-ਸੋਲਾਂ ਸਾਲ ਦਾ ਬੱਚਾ ਆਟੋ ਨਹੀਂ ਚਲਾ ਸਕਦਾ। ਅਠਾਰਾਂ ਸਾਲ ਉਮਰ ਦੱਸ ਕੇ ਝੂਠਾ ਲਾਇਸੈਂਸ ਬਣਵਾ ਦੇਵੋ। ਝੂਠ ਦੀ ਨੀਂਹ ਰੱਖ ਦੇਵੋ, ਬੱਚਾ ਤਕਰੀਬਨ ਪੰਜ ਹਜ਼ਾਰ ਮਹੀਨਾ ਟਿਊਸ਼ਨਾਂ/ਪੈਟਰੋਲ ਆਦਿ 'ਤੇ ਖ਼ਰਚ ਕਰਦਾ ਹੈ। ਕੀ ਉਸ ਨੂੰ ਇਹ ਸਭ ਕੁੱਝ ਦਿਖ ਨਹੀਂ ਰਿਹਾ ?ਉਹ ਪੈਸੇ ਖ਼ਰਚ ਕੇ ਪੜ੍ਹਾਈ ਹਾਸਲ ਨਹੀਂ ਸਗੋਂ ਖ਼ਰੀਦ ਰਿਹਾ ਹੈ। ਕੀ ਉਹ ਸਵਾਰਥੀ ਨਹੀਂ ਬਣੇਗਾ ? ਪਿਛਲੇ ਸਾਲ ਪਲੱਸ ਟੂ ਤੋਂ ਬਾਅਦ ਮੈਡੀਕਲ ਵਿਚ ਦਾਖ਼ਲਾ ਲੈਣ ਵਾਲੇ ਵਿਦਿਆਰਥੀਆਂ ਵਿਚੋਂ 92 ਫ਼ੀ ਸਦੀ ਵਿਦਿਆਰਥੀਆਂ ਨੇ ਦੋ ਸਾਲਾਂ ਦੇ ਦੌਰਾਨ ਤਕਰੀਬਨ ਇਕ ਲੱਖ ਤੋਂ ਵੱਧ ਰੁਪਏ ਟਿਊਸ਼ਨ, ਕਰੈਸ਼ ਕੋਰਸਾਂ ਤੇ ਖ਼ਰਚ ਕੀਤੇ। ਬਾਕੀ ਖ਼ਰਚੇ ਵੱਖਰੇ ਹੋਣਗੇ। ਉਹ ਡਾਕਟਰ ਬਣਨ ਨਹੀਂ ਆਉਂਦੇ। ਡਾਕਟਰ ਰੂਪ ਵਿਚ ਵਿਉਪਾਰੀ ਤਿਆਰ ਹੋ ਰਹੇ ਹਨ। ਅੱਜ ਇਸ ਪੜ੍ਹਾਈ ਨਾਲ ਚਾਹਵਾਨ-ਲੋੜਵੰਦ ਬੱਚੇ ਤਾਂ ਅੱਗੇ ਆ ਹੀ ਨਹੀਂ ਰਹੇ। ਪਿਛਲੇ ਸਾਲ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿਖੇ ਪਿੰਡਾਂ ਦੇ ਰਹਿਣ ਵਾਲੇ ਕਿਸੇ ਬੱਚੇ ਨੂੰ ਦਾਖ਼ਲਾ ਨਹੀਂ ਮਿਲਿਆ। ਸ਼ਹਿਰ ਵਿਚ ਹੀ ਕੋਚਿੰਗ ਸੈਂਟਰ ਨੇ ਤੇ ਨਾਲ ਪੜ੍ਹਾਈ ਤਾਂ ਰਹਿ ਹੀ ਪੈਸੇ ਦੇ ਸਿਰ ਗਈ ਹੈ। ਇਹ ਕੁੱਝ ਕੁ ਗੱਲਾਂ, ਸੋਚਣ ਲਈ ਮਜਬੂਰ ਕਰਨ ਵਾਲੀਆਂ ਹਨ। ਸਾਨੂੰ ਇਨ੍ਹਾਂ ਦੇ ਕਾਰਨ ਲੱਭਣ ਦੀ ਲੋੜ ਹੈ। ਕਾਰਨ ਸਾਫ਼ ਹੈ ਕਿ ਅਸੀਂ ਜਿਸ ਸਿਸਟਮ ਵਿਚ ਰਹਿ ਰਹੇ ਹਾਂ, ਇਹ ਬੁਨਿਆਦੀ ਤੌਰ 'ਤੇ ਪੈਸਾ ਪ੍ਰਧਾਨ ਸਰਮਾਏਦਾਰੀ ਸਿਸਟਮ ਹੈ। ਮੁਨਾਫ਼ਾ ਅਤੇ ਚੂਹਾ ਦੌੜ ਇਹਦਾ ਲੱਛਣ ਹੈ। ਅੱਗੇ ਵਧਣ ਲਈ ਦੂਜੇ ਨੂੰ ਪਿਛਾਂਹ ਸੁੱਟਣਾ ਜ਼ਰੂਰੀ ਹੈ। ਇਹ ਗ਼ੈਰ ਮਾਨਵਵਾਦੀ ਸਿਸਟਮ ਹੈ। ਇਸ ਦੇ ਉਲਟ ਸਮਾਜਵਾਦੀ ਸਿਸਟਮ ਹੈ, ਜਿੱਥੇ ਸਾਰਿਆਂ ਦਾ ਭਲਾ ਬੁਨਿਆਦੀ ਲੱਛਣ ਹੈ। ਸਾਨੂੰ ਆਪ ਵੀ ਇਹ ਗੱਲਾਂ ਸਪੱਸ਼ਟ ਹੋਣੀਆਂ ਚਾਹੀਦੀਆਂ ਹਨ ਅਤੇ ਬੜੇ ਸਪੱਸ਼ਟ ਤਰੀਕੇ ਨਾਲ ਲੋਕਾਂ ਨੂੰ ਸਮਝਾਣੀਆਂ ਚਾਹੀਦੀਆਂ ਹਨ। ਸਰਮਾਏਦਾਰੀ ਸਿਸਟਮ ਦਾ ਅਤੇ ਸਮਾਜਵਾਦੀ ਸਿਸਟਮ ਦਾ ਮੁਕਾਬਲਾ ਕਰਨਾ ਜ਼ਰੂਰੀ ਹੈ।

ਬੁੜਬੁੜ ਕਰਨ ਨਾਲ ਇਹ ਹਾਲਾਤ ਸੁਧਾਰਨ ਵਾਲੇ ਨਹੀਂ। ਇਨ੍ਹਾਂ ਵਿੱਦਿਆ ਖ਼ਰੀਦਣ ਵਾਲੇ ਸੁਆਰਥੀ ਜ਼ਹਿਨੀਅਤ ਵਾਲੇ ਵਿਦਿਆਰਥੀਆਂ ਨੇ ਹੀ ਕੱਲ੍ਹ ਅਫ਼ਸਰ ਬਣਨਾ ਹੈ। ਨਿਜ਼ਾਮ ਦੀ ਵਾਗਡੋਰ ਇਨ੍ਹਾਂ ਕੋਲ ਹੀ ਹੋਣੀ ਹੈ। ਗ਼ਰੀਬ ਬੰਦੇ ਨੂੰ ਇਨ੍ਹਾਂ ਕੋਲੋਂ ਕੀ ਆਸ ਹੋ ਸਕਦੀ ਹੈ ? ਚਿੰਤਕ ਨੇ ਇਹ ਗੱਲ ਛੇੜੀ ਹੈ। ਇਹ ਅੱਗੇ ਜਾਣੀ ਚਾਹੀਦੀ ਹੈ।

25th June 2000